# ਗੈਰ-ਵਿਤਕਰੇ ਦਾ ਨੋਟਿਸ

Governor's Interagency Council on Health Disparities (ਸਿਹਤ ਅਸਮਾਨਤਾਵਾਂ ਨਾਲ ਸੰਬੰਧਿਤ ਗਵਰਨਰ ਦੀ ਅੰਤਰ-ਏਜੰਸੀ ਕੌਂਸਲ) ਗੈਰ-ਵਿਤਕਰੇ ਲਈ ਬਣੇ ਲਾਗੂ ਫੈਡਰਲ ਅਤੇ ਰਾਜ ਦੇ ਨਾਗਰਿਕ ਅਧਿਕਾਰ ਕਾਨੂੰਨਾਂ ਦੀ ਪਾਲਣਾ ਕਰਦੀ ਹੈ। ਅਸੀਂ ਨਸਲ, ਰੰਗ, ਸੰਪਰਦਾਇ, ਰਾਸ਼ਟਰੀ ਮੂਲ, ਨਾਗਰਿਕਤਾ ਜਾਂ ਇਮੀਗ੍ਰੇਸ਼ਨ ਸਥਿਤੀ, ਉਮਰ, ਅਪਾਹਜਤਾ, ਲਿੰਗ, ਲਿੰਗ ਪ੍ਰਗਟਾਵੇ ਅਤੇ ਪਛਾਣ, ਜਿਨਸੀ ਝੁਕਾਅ, ਵਿਆਹੁਤਾ ਸਥਿਤੀ, ਪਰਿਵਾਰਕ ਸਥਿਤੀ, ਧਰਮ, ਸਨਮਾਨਤ ਤੌਰ 'ਤੇ ਸੇਵਾਮੁਕਤ ਸਾਬਕਾ ਫ਼ੌਜੀ ਜਾਂ ਫੌਜੀ ਸਟੇਟਸ, ਜਾਂ ਕਿਸੇ ਅਪਾਹਜ ਵਿਅਕਤੀ ਦੁਆਰਾ ਸਿਖਲਾਈ ਪ੍ਰਾਪਤ ਗਾਈਡ ਡੌਗ ਜਾਂ ਸਰਵਿਸ ਐਨੀਮਲ ਦੀ ਵਰਤੋਂ ਦੇ ਅਧਾਰ 'ਤੇ ਲੋਕਾਂ ਨਾਲ ਵਿਤਕਰਾ ਜਾਂ ਉਹਨਾਂ ਨੂੰ ਬਾਹਰ ਨਹੀਂ ਰੱਖਦੇ ਹਾਂ।

# ਸਹੂਲਤਾਂ

Governor's Interagency Council on Health Disparities

- ਅਪਾਹਜਤਾ ਦੇ ਸ਼ਿਕਾਰ ਲੋਕਾਂ ਨਾਲ ਪ੍ਰਭਾਵਸ਼ਾਲੀ ਢੰਗ ਨਾਲ ਸੰਚਾਰ ਕਰਨ ਵਿੱਚ ਸਾਡੀ ਮਦਦ ਕਰਨ ਲਈ ਮੁਫ਼ਤ ਸਹਾਇਤਾ ਅਤੇ ਸੇਵਾਵਾਂ ਪ੍ਰਦਾਨ ਕਰਦਾ ਹੈ, ਜਿਵੇਂ ਕਿ:
  - ਯੋਗਤਾ ਪ੍ਰਾਪਤ ਸੈਨਤ ਭਾਸ਼ਾ ਦੇ ਦੁਭਾਸ਼ੀਏ
  - ਵੱਖ-ਵੱਖ ਫਾਰਮੈਟਾਂ ਵਿੱਚ ਲਿਖਤੀ ਜਾਣਕਾਰੀ (ਵੱਡਾ ਪ੍ਰਿੰਟ, ਆਡੀਓ, ਆਸਾਨ ਇਲੈਕਟ੍ਰਾਨਿਕ ਫਾਰਮੈਟ, ਹੋਰ ਫਾਰਮੈਟ)

- ਉਹਨਾਂ ਲੋਕਾਂ ਨੂੰ ਮੁਫ਼ਤ ਭਾਸ਼ਾ ਸੇਵਾਵਾਂ ਪ੍ਰਦਾਨ ਕਰਦਾ ਹੈ ਜਿਹਨਾਂ ਦੀ ਮੁੱਖ ਭਾਸ਼ਾ ਅੰਗਰੇਜ਼ੀ ਨਹੀਂ ਹੈ, ਜਿਵੇਂ ਕਿ:
  - ਯੋਗਤਾ ਪ੍ਰਾਪਤ ਦੁਭਾਸ਼ੀਏ
  - ਤੁਹਾਡੀ ਭਾਸ਼ਾ ਵਿੱਚ ਲਿਖਤੀ ਜਾਣਕਾਰੀ

ਜੇਕਰ ਤੁਹਾਨੂੰ ਇਹ ਸੇਵਾਵਾਂ ਚਾਹੀਦੀਆਂ ਹਨ, ਤਾਂ (360)-236-4110 'ਤੇ ਕਾਲ ਕਰੋ ਜਾਂ healthequity@sboh.wa.gov 'ਤੇ ਈਮੇਲ ਕਰੋ।

# ADA ਨਾਲ ਸੰਬੰਧਿਤ ਰੋਸ ਜਾਂ ਸ਼ਿਕਾਇਤ ਦਰਜ ਕਰੋ

ਵਿਤਕਰੇ ਦੇ ਇਲਜ਼ਾਮ ਬਾਰੇ ਸਵਾਲਾਂ ਅਤੇ ਸ਼ਿਕਾਇਤਾਂ ਨੂੰ ਸੰਭਾਲਣ ਲਈ ਹੇਠਾਂ ਦਿੱਤੇ ਦਫ਼ਤਰ ਨੂੰ ਨਿਯੁਕਤ ਕੀਤਾ ਗਿਆ ਹੈ। ਜੇਕਰ ਤੁਹਾਨੂੰ ਲੱਗਦਾ ਹੈ ਕਿ ਕੌਂਸਲ ਤੁਹਾਨੂੰ ਇਹ ਸੇਵਾਵਾਂ ਪ੍ਰਦਾਨ ਕਰਨ ਵਿੱਚ ਅਸਫਲ ਰਿਹਾ ਹੈ ਜਾਂ ਉਹਨਾਂ ਨੇ ਨਸਲ, ਰੰਗ, ਸੰਪਰਦਾਇ, ਰਾਸ਼ਟਰੀ ਮੂਲ, ਨਾਗਰਿਕਤਾ ਜਾਂ ਇਮੀਗ੍ਰੇਸ਼ਨ ਸਥਿਤੀ, ਉਮਰ, ਅਪਾਹਜਤਾ, ਲਿੰਗ, ਲਿੰਗ ਪ੍ਰਗਟਾਵੇ ਅਤੇ ਪਛਾਣ, ਜਿਨਸੀ ਝੁਕਾਅ, ਵਿਆਹੁਤਾ ਸਥਿਤੀ, ਪਰਿਵਾਰਕ ਸਥਿਤੀ, ਧਰਮ, ਸਨਮਾਨਤ ਤੌਰ 'ਤੇ ਸੇਵਾਮੁਕਤ

ਸਾਬਕਾ ਫ਼ੌਜੀ ਜਾਂ ਫੌਜੀ ਸਟੇਟਸ, ਜਾਂ ਕਿਸੇ ਅਪਾਹਜ ਵਿਅਕਤੀ ਦੁਆਰਾ ਸਿਖਲਾਈ ਪ੍ਰਾਪਤ ਗਾਈਡ ਡੌਗ ਜਾਂ ਸਰਵਿਸ ਐਨੀਮਲ ਦੀ ਵਰਤੋਂ ਦੇ ਅਧਾਰ 'ਤੇ ਤੁਹਾਡੇ ਨਾਲ ਵਿਤਕਰਾ ਕੀਤਾ ਹੈ ਤਾਂ ਤੁਸੀਂ ਇਸ ਬਾਰੇ ਸ਼ਿਕਾਇਤ ਦਰਜ ਕਰ ਸਕਦੇ ਹੋ:

Washington State Department of Health

Office of Civil Rights, Equity and Social Justice

Attn: Title VI Coordinator

PO Box 47890 Olympia, WA 98504-47890

Civil.Rights@doh.wa.gov

ਤੁਸੀਂ ਵਿਤਕਰੇ ਦੇ ਮਾਮਲਿਆਂ ਬਾਰੇ ਸ਼ਿਕਾਇਤ ਵਿਅਕਤੀਗਤ ਤੌਰ 'ਤੇ ਜਾਂ ਚਿੱਠੀ, ਫੈਕਸ, ਜਾਂ ਈਮੇਲ ਰਾਹੀਂ ਦਰਜ ਕਰ ਸਕਦੇ ਹੋ।

ਤੁਸੀਂ U.S. Department of Health and Human Services, Office for Civil Rights (ਅਮਰੀਕੀ ਸਿਹਤ ਅਤੇ ਮਨੁੱਖੀ ਸੇਵਾ ਵਿਭਾਗ, ਨਾਗਰਿਕ ਅਧਿਕਾਰ ਦਫ਼ਤਰ) ਦੇ ਕੋਲ Office for Civil Rights ਸ਼ਿਕਾਇਤ ਪੋਰਟਲ ਉੱਤੇ ਇਲੈਕਟ੍ਰਾਨਿਕ ਤੌਰ 'ਤੇ ਨਾਗਰਿਕ ਅਧਿਕਾਰਾਂ ਬਾਰੇ ਸ਼ਿਕਾਇਤ ਦਰਜ ਕਰ ਸਕਦੇ ਹੋ, ਜੋ ਕਿ https://ocrportal.hhs.gov/ocr/portal/lobby.jsf (ਅੰਗਰੇਜ਼ੀ ਵਿੱਚ) 'ਤੇ ਉਪਲਬਧ ਹੈ, ਜਾਂ ਨਿਮਨਲਿਖਤ 'ਤੇ ਈਮੇਲ ਜਾਂ ਫ਼ੋਨ ਰਾਹੀਂ ਸ਼ਿਕਾਇਤ ਦਰਜ ਕਰ ਸਕਦੇ ਹੋ:

> U.S. Department of Health and Human Services
>
> 200 Independence Avenue, SW
>
> Room 509F, HHH Building
>
> Washington, D.C. 20201
>
> 1-800-368-1019, 800-537-7697 (TDD) (ਭਾਸ਼ਾ ਸੰਬੰਧੀ ਸਹਾਇਤਾ ਪ੍ਰਦਾਨ ਕੀਤੀ ਜਾਂਦੀ ਹੈ)
>
> ਸ਼ਿਕਾਇਤ ਫਾਰਮ http://www.hhs.gov/ocr/office/file/index.html (ਅੰਗਰੇਜ਼ੀ ਵਿੱਚ) 'ਤੇ ਉਪਲਬਧ ਹਨ।

ਸੰਬੰਧਿਤ ਲਿੰਕ:

ਪਰਦੇਦਾਰੀ ਨੀਤੀ (ਅੰਗਰੇਜ਼ੀ ਵਿੱਚ; ਸਪੈਨਿਸ਼ ਵਿੱਚ)

Americans with Disabilities Act (ADA, ਅਮਰੀਕੀ ਅਪੰਗਤਾ ਐਕਟ) ਅਧੀਨ ਨੋਟਿਸ (ਅੰਗਰੇਜ਼ੀ ਵਿੱਚ; ਸਪੈਨਿਸ਼ ਵਿੱਚ)